# ਤੁਸੀਂ ਹੁਣ ਸਥਾਨਕ ਫਾਰਮੇਸੀ ਤੋਂ ਹੀ ਪਹਿਲਾ ਡਾਕਟਰ ਤੋਂ ਕਈ ਲਿਖਤ ਦਵਾਈ ਦੀ ਪਰਚੀ ਲਏ ਬਿਨਾ ਕੁੱਝ ਕੁ ਸਿਹਤ-ਸੰਭਾਲ ਇਲਾਜ ਪ੍ਰਾਪਤ ਕਰ ਸਕਦੇ ਹੋ।

ਵਿਕਟੋਰੀਆ ਸਰਕਾਰ ਦਾ 'ਕਮਿਊਨਿਟੀ ਫਾਰਮਾਸਿਸਟ ਅਜ਼ਮਾਇਸ਼' ਪ੍ਰੋਗਰਾਮ ਸਿਹਤ-ਸੰਭਾਲ ਨੂੰ ਵਧੇਰੇ ਪਹੁੰਚਯੋਗ ਬਣਾ ਰਿਹਾ ਹੈ। **ਇੱਥੇ ਕੁੱਝ ਹੋਰ ਇਲਾਜ ਹਨ ਜਿਨ੍ਹਾਂ ਤੱਕ ਤੁਸੀਂ ਪਹੁੰਚ ਸਕਦੇ ਹੋ।**

## ਧੱਦਰ ਰੋਗ (ਸ਼ਿੰਗਲਜ਼) ਲਈ ਇਲਾਜ

ਜੇਕਰ ਤੁਹਾਡੇ ਵਿੱਚ ਹੇਠ ਲਿਖੇ ਲੱਛਣਾਂ ਵਿੱਚੋਂ ਕੋਈ ਹੈ, ਤਾਂ ਤੁਹਾਨੂੰ ਸ਼ਿੰਗਲਜ਼ ਹੋ ਸਕਦਾ ਹੈ:

- ਦਰਦ ਕਰਦੇ ਛਾਲਿਆ ਵਾਲੇ ਧੱਫੜ
- ਚਮੜੀ 'ਤੇ ਝਰਨਾਹਟ, ਜਲਣ ਦੀ ਭਾਵਨਾ।

ਜੇਕਰ ਤੁਹਾਡੀ ਉਮਰ 18 ਸਾਲ ਜਾਂ ਵੱਧ ਹੈ, ਤਾਂ ਤੁਸੀਂ ਇਲਾਜ ਲਈ ਯੋਗ ਹੋ ਸਕਦੇ ਹੋ।



## ਪਿਸ਼ਾਬ ਨਾਲੀ ਦੀ ਲਾਗ ਲਈ ਇਲਾਜ

ਜੇਕਰ ਤੁਹਾਡੇ ਵਿੱਚ ਹੇਠ ਲਿਖੇ ਲੱਛਣਾਂ ਵਿੱਚੋਂ ਕੋਈ ਵੀ ਹੈ, ਤਾਂ ਤੁਹਾਨੂੰ ਪਿਸ਼ਾਬ ਨਾਲੀ ਦੀ ਲਾਗ ਹੋ ਸਕਦੀ ਹੈ:

- ਪਿਸ਼ਾਬ ਕਰਨ ਵੇਲੇ ਸੜਨ ਜਾਂ ਜਲਨ
- ਵਾਰ-ਵਾਰ ਪਿਸ਼ਾਬ ਕਰਨ ਦੀ ਲੋੜ ਮਹਿਸੂਸ ਕਰਨਾ ਜਾਂ ਪਿਸ਼ਾਬ ਕਰਨ ਤੋਂ ਬਾਅਦ ਵੀ ਬਲੈਡਰ ਭਰਿਆ ਮਹਿਸੂਸ ਹੁੰਦਾ ਹੈ।



ਜੇ ਤੁਸੀਂ ਔਰਤ ਹੋ ਅਤੇ 16-65 ਸਾਲ ਦੀ ਉਮਰ ਦੇ ਵਿਚਕਾਰ ਹੋ ਤਾਂ ਤੁਸੀਂ ਇਲਾਜ ਕਰਵਾਉਣ ਦੇ ਯੋਗ ਹੋ ਸਕਦੇ ਹੋ।

## ਪੇਪੜੀ ਵਾਲੀ ਚੰਬਲ ਦੇ ਹਲਕੇ ਤੌਰ 'ਤੇ ਉੱਠਣ ਲਈ ਇਲਾਜ

ਜੇ ਤੁਹਾਡੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ, ਅਤੇ ਇਸ ਸਮੇਂ ਪੇਪੜੀ ਵਾਲੀ ਚੰਬਲ ਹਲਕੇ ਤੌਰ 'ਤੇ ਉੱਠੀ ਹੋਈ ਹੈ, ਤਾਂ ਕਿਸੇ ਭਾਗ ਲੈਣ ਵਾਲੇ ਫਾਰਮਾਸਿਸਟ ਨਾਲ ਗੱਲ ਕਰੋ ਕਿ ਕੀ ਤੁਸੀਂ ਆਪਣੀ ਕਰੀਮ ਜਾਂ ਮੱਲ੍ਹਮ ਦੀ ਮੁੜ ਸਪਲਾਈ ਪ੍ਰਾਪਤ ਕਰ ਸਕਦੇ ਹੋ।



## ਮੌਖਿਕ ਗਰਭ ਨਿਰੋਧਕ ਗੋਲੀ ਦੋਬਾਰਾ ਲੈਣਾ

ਜੇਕਰ ਤੁਹਾਡੀ ਉਮਰ 16-50 ਸਾਲ ਹੈ ਅਤੇ ਤੁਸੀਂ ਇਸ ਵੇਲੇ ਮੌਖਿਕ ਗਰਭ ਨਿਰੋਧਕ ਗੋਲੀ ਲੈਂਦੇ ਹੋ, ਤਾਂ ਅਜ਼ਮਾਇਸ਼ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਫਾਰਮਾਸਿਸਟ ਨਾਲ ਗੱਲ ਕਰੋ ਕਿ ਕੀ ਤੁਹਾਨੂੰ ਦੋਬਾਰਾ ਸਪਲਾਈ ਮਿਲ ਸਕਦੀ ਹੈ।



## ਯਾਤਰਾ ਅਤੇ ਟੀਕੇ

ਜੇਕਰ ਤੁਸੀਂ ਵਿਦੇਸ਼ ਯਾਤਰਾ ਕਰ ਰਹੇ ਹੋ ਜਾਂ ਜਨਤਕ ਸਿਹਤ ਵੈਕਸੀਨ ਦੀ ਲੋੜ ਹੈ, ਤਾਂ ਅਜ਼ਮਾਇਸ਼ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਫਾਰਮਾਸਿਸਟ ਕਈ ਤਰ੍ਹਾਂ ਦੇ ਯਾਤਰਾ ਟੀਕਾਕਰਨ ਦੇ ਨਾਲ-ਨਾਲ ਹੈਪੇਟਾਈਟਸ A, ਹੈਪੇਟਾਈਟਸ B, ਪੋਲੀਓਮਾਈਲਾਈਟਿਸ, ਟਾਈਫਾਈਡ ਵੈਕਸੀਨ (5 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ) ਲਗਾ ਸਕਦੇ ਹਨ।



ਵਧੇਰੇ ਜਾਣਕਾਰੀ ਲਈ ਅਤੇ ਇਹ ਸੇਵਾਵਾਂ ਪ੍ਰਦਾਨ ਕਰਨ ਵਾਲੀ ਸਥਾਨਕ ਫਾਰਮੇਸੀ ਨੂੰ ਲੱਭਣ ਲਈ, ਇੱਥੇ ਜਾਉ:
**go.vic.gov.au/49C6sFc**

VICTORIA State Government

ਇਹ ਇਲਾਜ ਕਮਿਊਨਿਟੀ ਫਾਰਮਾਸਿਸਟ ਅਜ਼ਮਾਇਸ਼ ਪ੍ਰੋਗਰਾਮ ਦਾ ਹਿੱਸਾ ਹਨ, ਜੋ ਵਿਕਟੋਰੀਅਨ ਸਰਕਾਰ ਦੁਆਰਾ ਫ਼ੰਡ ਪ੍ਰਾਪਤ ਹਨ।